ਮੁਆਇਨਾਂ ਨੋਟ ਸੰਜੀਵ ਕੁਮਾਰ ਤਿਵਾੜੀ, ਆਈ.ਐਫ.ਐਸ, ਵਣ ਪਾਲ ਨਾਰਥ ਸਰਕਲ, ਹੁਸਿਆਰਪੁਰ ਬਾਬਤ ਮਹੀਨਾ 09/2022

**ਮਿਤੀ 05-09-2022 ਨੂੰ ਨਿਮਨਹਸਤਾਖਰ ਵਲੋਂ ਹੁਸਿਆਰਪੁਰ ਮੰਡਲ ਦੀ ਹਰਿਆਣਾ ਰੇਂਜ ਦਾ ਦੌਰਾ ਵਣ ਰੇਂਜ ਅਫਸਰ ਹਰਿਆਣਾ ਨਾਲ ਕੀਤਾ ਗਿਆ ਜਿਸ ਦਾ ਮੁਆਇਨਾ ਨੋਟ ਹੇਠ ਲਿਖੇ ਅਨੁਸਾਰ ਹੈ:-**

1. **ਹਰਿਆਣਾ ਰੇਂਜ**

ਹਰਿਆਣਾ ਰੇਂਜ ਦੀ ਹੱਦ ਅੰਦਰ ਪਿੰਡ ਹਰਿਆਣਾ ਤੋਂ ਢੋਲਬਾਹਾ ਰੋਡ ਤੇ ਲੱਗਣ ਵਾਲੇ ਪੈਟਰੋਲ ਪੰਪ (ਰਕਬਾ 0.0102 ਹੈਕਟਰ) ਦਾ ਮੌਕਾ ਚੈਕ ਕੀਤਾ ਗਿਆ । ਮੌਕੇ ਤੇ ਦੇਖਿਆ ਗਿਆ ਕਿ ਜੋ ਦਰੱਖਤ ਕਟਾਉਣ ਸਬੰਧੀ ਲਿਸਟ ਬਣਾਈ ਗਈ ਸੀ, ਉਸ ਵਿੱਚ ਮੌਕੇ ਤੇ ਖੜੇ ਦੋ ਬੂਟੇ ਦਰਜ ਨਹੀਂ ਸਨ। ਇਸ ਸਬੰਧੀ ਰੇਂਜ ਅਫਸਰ ਨੂੰ ਹਦਾਇਤ ਕੀਤੀ ਗਈ ਕਿ ਨਵੀ ਲਿਸਟ ਤਿਆਰ ਕਰਕੇ ਭੇਜੀ ਜਾਵੇ ਤਾਂ ਜੋ ਉਸ ਅਨੁਸਾਰ ਕਾਰਵਾਈ ਕੀਤੀ ਜਾ ਸਕੇ। ਵੇਖਿਆ ਗਿਆ ਕਿ ਨਵੇਂ ਸੁਮਾਰੀ ਨੰਬਰ ਲਗਾਏ ਗਏ ਸਨ। ਹਰਿਆਣਾ ਢੋਲਬਾਹਾ ਰੋਡ ਜਿਥੇ ਪੈਟਰੋਲ ਪੰਪ ਲਗਾਇਆ ਜਾਣਾ ਸੀ ਨਵੀ ਸੁਮਾਰੀ ਨੰਬਰ 35-36 ਦੇ ਵਿਚਕਾਰ ਦੋ ਰੁੱਖਾਂ ਤੇ ਨਵੇ ਸੁਮਾਰੀ ਨੰਬਰ ਨਹੀਂ ਲਗਾਏ ਗਏ ਸਨ। ਜਿਸ ਤੋਂ ਜਾਪਦਾ ਹੈ ਕਿ ਇਹ ਦੋਵੇ ਰੁੱਖ ਜਾਣ ਬੁੱਝ ਕੇ ਸੁਮਾਰੀ ਵਿਚੋਂ ਛੱਡੇ ਗਏ ਹਨ। ਇਸ ਸਬੰਧੀ ਵਣ ਮੰਡਲ ਅਫਸਰ ਨੂੰ ਹਦਾਇਤ ਕੀਤੀ ਗਈ ਕਿ ਸਬੰਧਤ ਸਟਾਫ ਦੇ ਖਿਲਾਫ ਕਾਰਵਾਈ ਆਪਣੇ ਪੱਧਰ ਤੇ ਕੀਤੀ ਜਾਵੇ ਅਤੇ ਹੋਈ ਕਾਰਵਾਈ ਬਾਰੇ ਇਸ ਦਫਤਰ ਨੂੰ ਜਾਣੂ ਕਰਵਾਇਆ ਜਾਵੇ।

2 **ਜਨੌੜੀ ਡੰਡੋਹ ਦੀ ਪਲਾਂਟੇਸਨ ਸਬੰਧੀ ਸਕੀਮ-ਕੈਂਪਾ, ਸਾਲ 2022-23**

ਜਨੋੜੀ ਡੰਡੋਹ ਵਿੱਚ ਹੋਈ 30 ਹੈਕਟਰ ਪਲਾਂਟੇਸਨ ਦਾ ਮੌਕਾ ਚੈਕ ਕੀਤਾ ਗਿਆ। ਮੌਕੇ ਤੇ ਸਬੰਧਤ ਸਟਾਫ ਕੋਲ ਪਲਾਂਟੇਸ਼ਨ ਜਰਨਲ ਉਪਲੱਬਧ ਨਹੀਂ ਸੀ। ਜਿਸ ਦਾ ਨਿਮਨਹਸਤਾਖਰ ਵਲੋਂ ਬੜਾ ਗੰਭੀਰ ਨੋਟਿਸ ਲਿਆ ਗਿਆ ਅਤੇ ਹਦਾਇਤ ਕੀਤੀ ਗਈ ਕਿ ਅੱਗੇ ਤੋਂ ਮੁਕੰਮਲ ਪਲਾਂਟਸ਼ਨ ਜਨਰਲ ਦੌਰੇ ਦੌਰਾਨ ਮੌਕੇ ਤੇ ਰੱਖੇ ਜਾਣ। ਇਸ ਰਕਬੇ ਤੇ 4 ਸੈਗਮੈਂਟ ਬਣਾਏ ਗਏ ਸਨ। ਨਿਮਨਹਸਤਾਖਰ ਵਲੋਂ ਸੈਗਮੈਂਟ 1 ਅਤੇ 2 ਦਾ ਦੌਰਾ ਕੀਤਾ ਗਿਆ। ਇਨ੍ਹਾਂ ਸੈਗਮੈਂਟਾਂ ਵਿੱਚ ਤਕਰੀਬਨ 80% ਪੌਦੇ ਖੈਰ ਅਤੇ ਬੈਬੂ ਦੇ ਲਗਾਏ ਗਏ ਸਨ। ਮੌਕੇ ਤੇ ਵੇਖਿਆ ਗਿਆ ਕਿ ਖੈਰ ਦੇ ਪੌਦੇ ਇੱਕ ਸਾਲ ਤੋਂ ਘੱਟ ਸਮੇਂ ਦੇ ਨਰਸਰੀ ਤੋਂ ਲਿਆ ਕੇ ਲਗਾਏ ਗਏ ਸਨ। ਜੋ ਨਰਮ (Tender) ਹੋਣ ਕਾਰਣ ਜੰਗਲੀ ਜਾਨਵਰਾਂ ਵਲੋਂ ਉਨ੍ਹਾਂ ਦੀ ਉਪਰੋ ਚਰਾਈ ਕੀਤੀ ਗਈ ਸੀ ਜੋ ਤਕਰੀਬਨ ਤਕਰੀਬਨ 70% ਜਾਪਦੀ ਸੀ। ਸਬੰਧਤ ਸਟਾਫ ਵਲੋਂ ਜੋ ਪਲਾਂਟੇਸ਼ਨ ਦੇ ਆਲੇ ਦੁਆਲੇ ਰਾਊਂਡ ਫੈਸਿੰਗ ਕੀਤੀ ਗਈ ਸੀ ਉਹ ਜਿਆਦਾ ਕਾਰਗਰ ਨਹੀਂ ਸੀ। ਮੌਕੇ ਤੇ ਰੇਂਜ ਅਫਸਰ ਨੂੰ ਹਦਾਇਤ ਕੀਤੀ ਗਈ ਕਿ ਅੱਗੇ ਤੋਂ ਖੈਰ ਦੇ ਪੌਦੇ ਘੱਟੋ ਘੱਟ 2 ਸਾਲ ਦੇ ਹੋਣ ਉਪਰੰਤ ਨਰਸਰੀ ਤੋਂ ਪ੍ਰਾਪਤ ਕਰਕੇ ਹੀ ਉਨ੍ਹਾਂ ਦੀ ਪਲਾਂਟੇਸ਼ਨ ਕੀਤੀ ਜਾਵੇ ਤਾਂ ਜੋ ਉਹਨਾਂ ਦੀ ਜੰਗਲੀ ਜਾਨਵਰਾਂ ਵਲੋਂ ਚਰਾਈ ਦੀ ਸੰਭਾਵਨਾ ਘੱਟ ਹੋ ਸਕੇ। ਇਸ ਤੋਂ ਇਲਾਵਾ ਰਾਉਂਡ ਫੈਸਿੰਗ ਕੰਡੇਦਾਰ ਪੌਦੇ ਜਿਵੇ ਕਿ ਬੇਰੀ ਜਾਂ ਕੋਈ ਹੋਰ ਝਾੜੀ ਦੀ ਕੀਤੀ ਜਾਵੇ ਤਾਂ ਜੋ ਪਲਾਂਟੇਸ਼ਨਾ ਨੂੰ ਜੰਗਲੀ ਜਾਨਵਰਾਂ ਤੋ ਬਚਾਇਆ ਜਾ ਸਕੇ। ਇਸ ਤੋਂ ਇਲਾਵਾ ਲੋੜ ਅਤੇ ਬਜਟ ਮੁਤਾਬਕ ਬਾਰਬਡ ਵਾਇਰ, ਫੈਸਿੰਗ ਵੀ ਕੀਤੀ ਜਾਵੇ।

ਮੌਕੇ ਤੇ ਇਹ ਵੀ ਹਦਾਇਤ ਕੀਤੀ ਗਈ ਕਿ ਪਲੇਨ ਏਰੀਏ ਵਿੱਚ ਸ਼ੀਸ਼ਮ ਦੇ ਪੌਦੇ ਵੱਧ ਤੋਂ ਵੱਧ ਲਗਾਏ ਜਾਣ ਅਤੇ ਪਲਾਂਟੇਸ਼ਨਾਂ ਦੀ ਰਿਪੇਲੇਸਮੈਂਟ ਕਰਦੇ ਸਮੇਂ ਚੋਅ ਏਰੀਏ ਵਿੱਚ ਅਰਜਨ, ਹਰੜ, ਬਹੇੜਾ ਆਦਿ ਲਗਾਉਣ ਦੀ ਵੀ ਹਦਾਇਤ ਕੀਤੀ ਗਈ।

3 **ਬਾਬੂ ਬਸੀ ਖਾਂ ਨਰਸਰੀ**

ਦੌਰੇ ਦੌਰਾਨ ਨਰਸਰੀ ਵਿੱਚ ਕੁਝ ਟਾਲ ਪਲਾਂਟਸ ਜਿਵੇਂ ਕਿ ਅਰਜਨ, ਜਾਮੁਨ, ਪਿੱਪਲ ਦੇ ਪਏ ਹੋਏ ਹਨ ਪ੍ਰੰਤੂ ਇਸ ਸਾਲ ਇਨ੍ਹਾਂ ਦੀ ਪਲਾਂਟੇਸ਼ਨ ਨਹੀਂ ਕੀਤੀ ਗਈ। ਰੇਂਜ ਅਫਸਰ ਨੂੰ ਹਦਾਇਤ ਕੀਤੀ ਗਈ ਕਿ ਆਉਣ ਵਾਲੇ ਸਮੇਂ ਦੌਰਾਨ ਸਾਈਟ ਅਨੁਸਾਰ ਇਹ ਪੌਦੇ ਲਗਾਏ ਜਾਣ । ਮੌਕੇ ਤੇ ਵੇਖਿਆ ਗਿਆ ਕਿ ਥੈਲੀਆ ਫਟੀਆਂ ਹੋਈਆ ਸਨ, ਜਿਨ੍ਹਾਂ ਨੂੰ ਤੁਰੰਤ ਰਿਪਲੇਸ ਕਰਨ ਦੀ ਹਦਾਇਤ ਕੀਤੀ ਗਈ। ਨਰਸਰੀ ਵਿੱਚ ਸਫਾਈ ਵੀ ਘੱਟ ਸੀ। ਮੌਕੇ ਤੇ ਹਦਾਇਤ ਕੀਤੀ ਗਈ ਕਿ ਪੌਦਿਆਂ ਦੀ ਵੀਡਿੰਗ, ਗ੍ਰੇਡਿੰਗ ਅਤੇ ਸਿਫਟਿੰਗ ਦਾ ਕੰਮ ਮੁਕੰਮਲ ਕੀਤਾ ਜਾਵੇ। ਇਸ ਤੋਂ ਇਲਾਵਾ ਅਲਾਟ ਹੋਏ ਟਾਰਗਟ ਅਨੁਸਾਰ ਨਰਸਰੀ ਵਿੱਚ ਥੈਲੀਆਂ ਦੀ ਭਰਾਈ ਦਾ ਕੰਮ ਵੀ ਸੁਰੂ ਕੀਤਾ ਜਾਵੇ।

4 **ਰੇਂਜ ਦਫਤਰ ਹਰਿਆਣਾ**

ਰੇਂਜ ਦਫਤਰ ਹਰਿਆਣਾ ਤੋਂ 3 ਨੰਬਰ ਕੁਆਰਟਰ ਵੇਖਿਆ ਗਿਆ ਜਿਸ ਦੀ ਹਾਲਤ ਕਾਫੀ ਖਰਾਬ ਸੀ। ਰੇਂਜ ਅਫਸਰ ਨੂੰ ਹਦਾਇਤ ਕੀਤੀ ਗਈ ਕਿ ਇਸ ਦੀ ਮੁਰੰਮਤ ਕਰਵਾਈ ਜਾਵੇ ਤਾਂ ਜੋ ਕੁਆਰਟਰ ਵਿੱਚ ਕੋਈ ਮੁਲਾਜਮ ਜਾਂ ਕਿਰਤੀ ਨੂੰ ਰਹਿਣ ਲਈ ਅਲਾਟ ਕੀਤਾ ਜਾਵੇ ਤਾਂ ਜੋ ਕੁਆਰਟਰ ਪੂਰੀ ਤਰ੍ਹਾਂ ਕੰਡਮ ਹੋਣ ਤੋ ਬਚਾਇਆ ਜਾ ਸਕੇ।

ਸ/-

ਸੰਜੀਵ ਕੁਮਾਰ ਤਿਵਾੜੀ,
ਆਈ.ਐਫ.ਐਸ,
ਵਣ ਪਾਲ, ਨਾਰਥ ਸਰਕਲ,
ਪੰਜਾਬ, ਹੁਸ਼ਿਆਰਪੁਰ।

ਪਿੱਠ ਅੰਕਣ ਨੰਬਰ 1950-52 ਮਿਤੀ 07/09/2022

ਇਸ ਦੀ ਨਕਲ ਹੇਠ ਲਿਖਿਆ ਨੂੰ ਸੂਚਨਾਂ ਅਤੇ ਜਰੂਰੀ ਕਾਰਵਾਈ ਲਈ ਭੇਜੀ ਜਾਂਦੀ ਹੈ ਜੀ:-

1 ਪ੍ਰਧਾਨ ਮੁੱਖ ਵਣ ਪਾਲ (HoFF) ਪੰਜਾਬ, ਐਸ.ਏ.ਐਸ.ਨਗਰ।
2 ਮੁੱਖ ਵਣ ਪਾਲ (ਹਿੱਲਜ) ਪੰਜਾਬ, ਐਸ.ਏ.ਐਸ.ਨਗਰ।
3 ਵਣ ਮੰਡਲ ਅਫਸਰ ਹੁਸ਼ਿਆਰਪੁਰ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਮੁਆਇਨਾਂ ਨੋਟ ਵਿੱਚ ਦਰਸਾਈਆਂ ਗਈਆਂ ਤਰੁੱਟੀਆਂ ਸਮਾਂ ਬੰਧ ਢੰਗ ਨਾਲ ਦੂਰ ਕਰਵਾਕੇ ਪਾਲਣਾ ਰਿਪੋਟ ਇਸ ਦਫਤਰ ਨੂੰ ਭੇਜੀ ਜਾਵੇ।

ਸੰਜੀਵ ਕੁਮਾਰ ਤਿਵਾੜੀ,
ਆਈ.ਐਫ.ਐਸ,
ਵਣ ਪਾਲ, ਨਾਰਥ ਸਰਕਲ,
ਪੰਜਾਬ, ਹੁਸ਼ਿਆਰਪੁਰ।